# ਪੰਜਾਬ ਸਿੱਖਿਆ ਵਿਕਾਸ ਬੋਰਡ

## ਦਫਤਰ ਡਾਇਰੈਕਟਰ ਜਨਰਲ ਸਕੂਲ ਸਿੱਖਿਆ, ਪੰਜਾਬ।

ਈ-ਬਲਾਕ, ਪੰਜਵੀਂ ਮੰਜਲ, ਪੰਜਾਬ ਸਕੂਲ ਸਿੱਖਿਆ ਬੋਰਡ ਕੰਪਲੈਕਸ, ਫੇਜ-8, ਸਾਹਿਬਜਾਦਾ ਅਜੀਤ ਸਿੰਘ ਨਗਰ।
ਫੋਨ ਨੰ: 0172-5212301, 303, 320 E.mail: pedb2012@gmail.com

ਪੰਜਾਬ ਸਿੱਖਿਆ ਵਿਕਾਸ ਬੋਰਡ ਦੇ ਮੁੱਖ ਦਫਤਰ ਵਿਖੇ ਸਹਾਇਕ ਮੈਨੇਜਰ (ਅਮਲਾ) ਦੀ ਆਸਾਮੀ ਠੇਕਾਦਰ ਅਧਾਰ ਤੇ ਭਰਨ ਲਈ ਯੋਗ ਉਮੀਦਵਾਰਾਂ ਤੋਂ ਮਿਤੀ 09 ਮਾਰਚ 2015 ਨੂੰ ਸ਼ਾਮ 5:00 ਵਜੇ ਤੱਕ ਦਰਖਾਸਤਾਂ ਦੀ ਮੰਗ ਕੀਤੀ ਜਾਂਦੀ ਹੈ:

| ਅਸਾਮੀ ਦਾ ਨਾਮ | ਆਸਾਮੀਆਂ ਦੀ ਗਿਣਤੀ | ਮਾਸਿਕ ਬੱਝਵੀਂ ਤਨਖਾਹ | ਮੁਢਲੀ ਵਿੱਦਿਅਕ ਅਤੇ ਕਿੱਤਾ ਯੋਗਤਾ |
|---|---|---|---|
| ਸਹਾਇਕ ਮੈਨੇਜਰ (ਅਮਲਾ) | 01 | 21,000/- | ਪੰਜਾਬ ਸਰਕਾਰ ਤੋਂ ਬਤੌਰ ਸੀਨੀਅਰ ਸਹਾਇਕ / ਸੁਪਰਡੰਟ (ਦਰਜਾ-2) ਰਿਟਾਇਰਡ ਘੱਟੋ-ਘੱਟ 15 ਸਾਲ ਦਾ ਤਜਰਬਾ ਰੱਖਦਾ ਹੋਵੇ। |

ਨਿਯਮ ਅਤੇ ਸ਼ਰਤਾਂ

- ਸਹਾਇਕ ਮੈਨੇਜਰ (ਅਮਲਾ) ਦੀ ਆਸਾਮੀ ਮੁਢਲੇ ਤੌਰ ਤੇ ਇੱਕ ਸਾਲ ਦੇ ਠੇਕੇ ਦੇ ਅਧਾਰ ਤੇ ਹੋਵੇਗੀ ਜੋ ਕਿ ਚੰਗੀ ਕਾਰ-ਗੁਜ਼ਾਰੀ ਅਤੇ ਪ੍ਰਾਪਤੀ ਦੇ ਅਧਾਰ ਤੇ ਹਰ ਸਾਲ ਲਈ ਨਵਿਆਈ ਜਾ ਸਕਦੀ ਹੈ।
- ਉਮੀਦਵਾਰ ਦੀ ਉਮਰ 62 ਸਾਲ ਤੋਂ ਵੱਧ ਨਾ ਹੋਵੇ।
- ਉਮੀਦਵਾਰ ਪੰਜਾਬ ਰਾਜ ਦਾ ਵਸਨੀਕ ਹੋਵੇ ਅਤੇ ਮੈਟ੍ਰਿਕ ਪੱਧਰ ਤੱਕ ਪੰਜਾਬੀ ਪਾਸ ਕੀਤੀ ਹੋਵੇ।
- ਬਿਨੈ ਪੱਤਰ ਲਈ ਨਿਰਧਾਰਿਤ ਪ੍ਰੋਫਾਰਮਾ ਵਿਭਾਗ ਦੀ ਵੈਬਸਾਈਟ ssapunjab.org ਤੇ ਉਪਲਬਧ ਹੋਵੇਗਾ ਅਤੇ ਇਹ ਪ੍ਰੋਫਾਰਮਾ ਡਾਊਨਲੋਡ ਕਰਕੇ ਮੁਕੰਮਲ ਰੂਪ ਵਿੱਚ ਭਰਨ ਉਪਰੰਤ ਇਸ ਦਫਤਰ ਨੂੰ ਨਿਸ਼ਚਿਤ ਮਿਤੀ ਅਤੇ ਸਮੇਂ ਦੇ ਅੰਦਰ-ਅੰਦਰ ਜਮਾਂ ਕਰਵਾਉਣਾ ਹੋਵੇਗਾ। ਬਿਨੈ ਪੱਤਰ ਦੇ ਨਾਲ ਜਨਮ ਸਰਟੀਫਿਕੇਟ, ਯੋਗਤਾਵਾਂ, ਰਿਹਾਇਸ਼ੀ ਸਬੂਤ ਅਤੇ ਸਬੰਧਤ ਮਹਿਕਮੇ ਤੋਂ ਰਿਟਾਇਰਮੈਂਟ ਦਾ ਸਬੂਤ ਆਦਿ ਦੀਆਂ ਤਸਦੀਕ-ਸ਼ੁਦਾ ਕਾਪੀਆਂ ਨੱਥੀ ਹੋਣੀਆਂ ਚਾਹੀਦੀਆਂ ਹਨ। ਅਧੂਰੇ ਬਿਨੈ ਪੱਤਰ ਵਿਚਾਰੇ ਨਹੀਂ ਜਾਣਗੇ।
- ਪੰਜਾਬ ਸਿੱਖਿਆ ਵਿਕਾਸ ਬੋਰਡ ਬਿਨਾਂ ਕਾਰਨ ਦੱਸੇ ਕਿਸੇ ਵੀ ਜਾਂ ਸਾਰੇ ਉਮੀਦਵਾਰਾਂ ਨੂੰ ਰੱਦ ਕਰਨ ਦਾ ਹੱਕ ਰਾਖਵਾਂ ਰੱਖਦਾ ਹੈ। ਸਰਕਾਰ ਜਾਂ ਕਿਸੇ ਪਬਲਿਕ ਅਥਾਰਟੀ ਦੁਆਰਾ ਬਰਖਾਸਤ ਉਮੀਦਵਾਰ ਦਰਖਾਸਤ ਨਾ ਕਰਨ। ਜੇਕਰ ਉਮੀਦਵਾਰ ਅਜਿਹੀ ਸੂਚਨਾ ਗੁੱਪਤ ਰੱਖ ਕੇ ਰੁਜ਼ਗਾਰ ਪ੍ਰਾਪਤ ਕਰਦਾ ਹੈ ਤਾਂ ਬਿਨਾਂ ਸੂਚਨਾ ਉਸ ਦੀ ਉਮੀਦਵਾਰੀ ਰੱਦ ਕਰਕੇ ਕਾਨੂੰਨੀ ਕਾਰਵਾਈ ਕੀਤੀ ਜਾਵੇਗੀ।

ਮੈਂਬਰ ਸਕੱਤਰ,
ਪੰਜਾਬ ਸਿੱਖਿਆ ਵਿਕਾਸ ਬੋਰਡ